## ਜਾਣਕਾਰੀ

ਇਸ ਸਮੇਂ, **bpas** ਵੈਬਸਾਈਟ ਸਿਰਫ਼ ਇੰਗਲਿਸ਼ ਵਿੱਚ ਉਪਲਬਧ ਹੈ। ਜੇ ਹੁਣ ਤੁਸੀਂ ਕਿਸੇ ਵਿਅਕਤੀ ਨਾਲ ਗੱਲ ਕਰਨੀ ਚਾਹੋ ਤਾਂ ਤੁਸੀਂ ਸਾਡੇ ਨਾਲ **0345 30 40 30** ’ਤੇ ਸੰਪਰਕ ਕਰ ਸਕਦੇ ਹੋ। ਜੇ ਯੂਕੇ ਤੋਂ ਬਾਹਰੋਂ ਫ਼ੋਨ ਕਰ ਰਹੇ ਹੋ ਤਾਂ ਕਿਰਪਾ ਕਰਕੇ **+44 1789 416 569** ’ਤੇ ਫ਼ੋਨ ਕਰੋ।

## bpas ਬਾਰੇ

**bpas** ਇੱਕ ਲਾਭ ਨਾ ਕਮਾਉਣ ਵਾਲੀ ਚੈਰਿਟੀ ਹੈ ਜਿਸਨੂੰ ਇੱਕ ਸੁਰੱਖਿਅਤ, ਕਾਨੂੰਨੀ ਗਰਭਪਾਤ ਸੇਵਾ ਮੁਹੱਈਆ ਕਰਨ ਵਾਸਤੇ 1968 ਵਿੱਚ ਸਥਾਪਿਤ ਕੀਤਾ ਗਿਆ ਸੀ।

ਅੱਜ **bpas** ਹਰ ਸਾਲ 55,000 ਤੋਂ ਵੱਧ ਔਰਤਾਂ ਨੂੰ ਗਰਭਪਾਤ ਸੇਵਾ ਮੁਹੱਈਆ ਕਰਦੀ ਹੈ - ਜਿਨ੍ਹਾਂ ਵਿੱਚੋਂ ਲਗਭਗ 4,000 ਬਾਹਰੀ ਦੇਸ਼ਾਂ ਤੋਂ ਹੁੰਦੀਆਂ ਹਨ।

ਅਸੀਂ ਸਮਝਦੇ ਹਾਂ ਕਿ ਇਹ ਤੁਹਾਡੇ ਲਈ ਇੱਕ ਮੁਸ਼ਕਲ ਸਮਾਂ ਹੋ ਸਕਦਾ ਹੈ ਅਤੇ ਤੁਸੀਂ ਕਿਸੇ ਦੂਸਰੇ ਦੇਸ਼ ਵਿੱਚ ਸਫਰ ਕਰਨ ਬਾਰੇ ਫਿਕਰਮੰਦ ਹੋ ਸਕਦੇ ਹੋ, ਪਰ ਕਿਰਪਾ ਕਰਕੇ ਯਕੀਨੀ ਹੋ ਜਾਓ ਕਿ ਇਸ ਪ੍ਰਕਿਰਿਆ ਨੂੰ ਜਿੰਨਾ ਸੰਭਵ ਹੋ ਸਕੇ ਸੌਖਾ ਬਣਾਉਣ ਲਈ **bpas** ਉਹ ਸਭ ਕੁਝ ਕਰੇਗੀ ਜੋ ਇਹ ਕਰ ਸਕਦੀ ਹੈ।

ਦੇਸ਼ ਤੋਂ ਬਾਹਰੋਂ **bpas** ਅਪਵਾਇੰਟਮੈਂਟ ਦਾ ਅਸਾਨੀ ਨਾਲ ਪ੍ਰਬੰਧ ਕੀਤਾ ਜਾ ਸਕਦਾ ਹੈ ਅਤੇ ਇਹ ਪੂਰੀ ਤਰ੍ਹਾਂ ਨਾਲ ਗੁਪਤ ਹੁੰਦੀਆਂ ਹਨ।

## ਸਾਡੇ ਨਾਲ ਸੰਪਰਕ ਕਿਵੇਂ ਕਰਨਾ ਹੈ

ਜੇ ਤੁਸੀਂ ਗਰਭਪਾਤ ਦੀਆਂ ਚੋਣਾਂ ਬਾਰੇ ਚਰਚਾ ਕਰਨ ਲਈ ਕਿਸੇ ਨਾਲ ਗੱਲ ਕਰਨੀ ਚਾਹੋ ਤਾਂ ਅਸੀਂ ਕੋਈ ਵਾਧੂ ਕੀਮਤ ਲਏ ਬਿਨਾਂ ਤੁਹਾਡੇ ਨਾਲ ਤੁਹਾਡੀ ਭਾਸ਼ਾ ਵਿੱਚ ਗੱਲ ਕਰ ਸਕਦੇ ਹਾਂ।

ਇਸ ਸੇਵਾ ਨੂੰ ਵਰਤਣ ਲਈ ਕਿਰਪਾ ਕਰਕੇ **bpas** ਨੂੰ **0345 30 40 30** ’ਤੇ ਫ਼ੋਨ ਕਰੋ। ਜੇ ਯੂਕੇ ਤੋਂ ਬਾਹਰੋਂ ਫ਼ੋਨ ਕਰ ਰਹੇ ਹੋ ਤਾਂ ਕਿਰਪਾ ਕਰਕੇ **+44 1789 416 569** ’ਤੇ ਫ਼ੋਨ ਕਰੋ।

ਜੇ ਇੰਗਲਿਸ਼ ਤੁਹਾਡੀ ਮਾਂ-ਬੋਲੀ ਨਹੀਂ ਹੈ ਅਤੇ ਤੁਸੀਂ ਸੋਚਦੇ ਹੋ ਕਿ ਅਪਵਾਇੰਟਮੈਂਟ ਦੌਰਾਨ ਤੁਹਾਨੂੰ ਸ਼ਾਇਦ ਮਦਦ ਦੀ ਲੋੜ ਹੋ ਸਕਦੀ ਹੈ, ਤਾਂ ਕਿਰਪਾ ਕਰਕੇ ਯਕੀਨੀ ਬਣਾਓ ਕਿ ਤੁਸੀਂ ਇਸ ਬਾਰੇ **bpas** ਆਪਰੇਟਰ ਨੂੰ ਦੱਸਦੇ ਹੋ। ਇਸ ਨਾਲ ਯਕੀਨੀ ਹੋ ਸਕੇਗਾ ਕਿ ਅਸੀਂ ਅਨੁਵਾਦਕ ਦਾ ਢੁਕਵਾਂ ਪ੍ਰਬੰਧ ਕਰਦੇ ਹਾਂ।

## bpas ਨਾਲ ਅਪਵਾਇੰਟਮੈਂਟ ਬੁੱਕ ਕਰਨੀ

ਜੇ ਤੁਸੀਂ ਯੂਕੇ ਤੋਂ ਬਾਹਰੋਂ ਫ਼ੋਨ ਕਰ ਰਹੇ ਹੋ ਤਾਂ ਕਿਰਪਾ ਕਰਕੇ **bpas** ਨੂੰ ਇਸ ਨੰਬਰ ’ਤੇ ਫ਼ੋਨ ਕਰੋ:

**+44 1789 416 569**

ਫ਼ੋਨ ਲਾਈਨਾਂ ਹੇਠਾਂ ਲਿਖੇ ਸਮੇਂ ਦੌਰਾਨ ਖੁੱਲ੍ਹੀਆਂ ਹੁੰਦੀਆਂ ਹਨ (ਯੂਕੇ ਦੇ ਸਮੇਂ ਅਨੁਸਾਰ):
ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਤੋਂ ਰਾਤ 9 ਵਜੇ ਤਕ
ਸ਼ਨੀਵਾਰ ਸਵੇਰੇ 8.30 ਤੋਂ ਸ਼ਾਮ 6 ਵਜੇ ਤਕ
ਐਤਵਾਰ ਸਵੇਰੇ 9.30 ਤੋਂ ਦੁਪਹਿਰ 2.30 ਵਜੇ ਤਕ

ਇਸ ਦੇ ਇਲਾਵਾ ਤੁਸੀਂ ਸਾਨੂੰ info@**bpas.org** ’ਤੇ ਈਮੇਲ ਕਰ ਸਕਦੇ ਹੋ।

ਜੇ ਤੁਸੀਂ ਚਾਹੋ (ਅਤੇ ਜੇ ਤੁਹਾਡੇ ਤਕ ਚਿੱਠੀ ਪਹੁੰਚਣ ਦਾ ਸਮਾਂ ਹੋਵੇ) ਤਾਂ ਅਪਵਾਇੰਟਮੈਂਟ ਬਾਰੇ ਜਾਣਕਾਰੀ ਦੀ ਲਿਖਤੀ ਤੌਰ ’ਤੇ ਪੁਸ਼ਟੀ ਕੀਤੀ ਜਾ ਸਕਦੀ ਹੈ। ਕਿਰਪਾ ਕਰਕੇ ਨੋਟ ਕਰੋ ਕਿ **bpas** ਆਪਣੀਆਂ ਚਿੱਠੀਆਂ ਬਿਨਾਂ ਕਿਸੇ ਨਿਸ਼ਾਨ ਵਾਲੇ ਲਿਫ਼ਾਫ਼ਿਆਂ ਵਿੱਚ ਭੇਜਦਾ ਹੈ।

ਆਪਰੇਟਰ ਪੁਸ਼ਟੀ ਕਰੇਗਾ ਕਿ ਤੁਸੀਂ ਆਪਣੇ ਸਲਾਹ-ਮਸ਼ਵਰੇ (ਕਾਉਂਸਲਿੰਗ) ਅਤੇ ਇਲਾਜ ਲਈ ਕਦੋਂ ਅਤੇ ਕਿੱਥੇ ਆਉਣਾ ਪਸੰਦ ਕਰੋਗੇ। ਕੋਈ ਉਡੀਕ ਸੂਚੀਆਂ ਨਹੀਂ ਹੁੰਦੀਆਂ ਹਨ ਅਤੇ, ਕੁਝ ਥਾਵਾਂ ’ਤੇ, ਤੁਸੀਂ ਤੜਕੇ ਸਵੇਰੇ, ਸ਼ਾਮ ਦੇ ਸਮੇਂ ਜਾਂ ਵੀਕਐਂਡ ਦੌਰਾਨ ਅਪਵਾਇੰਟਮੈਂਟ ਦਾ ਪ੍ਰਬੰਧ ਕਰ ਸਕਦੇ ਹੋ।

**bpas** ਕੋਲ ਇੰਗਲੈਂਡ ਅਤੇ ਵੇਲਜ਼ ਵਿੱਚ ਸੈਂਟਰ ਹਨ ਅਤੇ ਤੁਸੀਂ ਫ਼ੈਸਲਾ ਕਰ ਸਕਦੇ ਹੋ ਕਿ ਤੁਸੀਂ ਕਿੱਥੇ ਆਉਣਾ ਪਸੰਦ ਕਰੋਗੇ। ਸਥਾਨ ਦੇਖਣ ਲਈ, ਇੱਥੇ ਕਲਿੱਕ ਕਰੋ।

**bpas** ਤੁਹਾਨੂੰ ਕਲੀਨਿਕ ਤਕ ਯਾਤਰਾ ਕਰਨ ਅਤੇ ਰਹਿਣ ਦੇ ਸਥਾਨਾਂ ਬਾਰੇ ਵਿਹਾਰਕ ਜਾਣਕਾਰੀ ਵੀ ਦੇਵੇਗਾ। **bpas** ਕੋਲ ਇਹ ਯਕੀਨੀ ਬਣਾਉਣ ਲਈ ਲਚੀਲਾਪਨ ਹੁੰਦਾ ਹੈ ਕਿ ਅਪਵਾਇੰਟਮੈਂਟ ਤੁਹਾਡੇ ਰੋਜ਼ਾਨਾ ਦੇ ਜੀਵਨ ਵਿੱਚ ਸਮਾ ਸਕੇ।

**bpas** - ਧਿਆਨ ਰੱਖਣ ਵਾਲੇ, ਗੁਪਤ, ਸੁਰੱਖਿਅਤ, ਪੇਸ਼ਾਵਰ